Exam. Code : 103201
Subject Code : 1002

**B.A./B.Sc. 1st Semester**

**PUNJABI (Compulsory)**

Time Allowed—3 Hours] [Maximum Marks—50

**ਨੋਟ :-** ਕੁੱਲ **ਅੱਠ** ਪ੍ਰਸ਼ਨ ਹਨ। ਪ੍ਰੀਖਿਆਰਥੀ ਕੋਈ **ਪੰਜ** ਪ੍ਰਸ਼ਨ ਕਰਨ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ—ਪਹਿਲਾ**

1. ਭਾਈ ਵੀਰ ਸਿੰਘ ਦੇ ਜੀਵਨ ਤੇ ਰਚਨਾ ਬਾਰੇ ਜਾਣਕਾਰੀ ਸਾਂਝੀ ਕਰੋ।

2. 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਂ' ਕਵਿਤਾ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿੱਚ ਲਿਖੋ।

**ਭਾਗ—ਦੂਜਾ**

3. ਬਾਬਾ ਫਰੀਦ ਸੰਬੰਧੀ ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

4. 'ਇਬਰਾਹਮ ਲਿੰਕਨ' ਲੇਖ ਦੇ ਵਿਸ਼ਾ-ਵਸਤੂ ਬਾਰੇ ਜਾਣਕਾਰੀ ਦਿਓ।



Scanned with CamScanner

## ਭਾਗ—ਤੀਜਾ

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** 'ਤੇ ਪੈਰ੍ਹਾ ਰਚਨਾ ਕਰੋ :

   (ੳ) ਸਿੱਖਿਆ ਵਿੱਚ ਮਾਂ ਬੋਲੀ ਦਾ ਮਹੱਤਵ

   (ਅ) ਵਿਦਿਆਰਥੀਆਂ ਵਿੱਚ ਪ੍ਰਵਾਸ ਦਾ ਵੱਧ ਰਿਹਾ ਰੁਝਾਨ

   (ੲ) ਕਰੋਨਾ ਦੌਰ ਦਾ ਮਨੁੱਖੀ ਜੀਵਨ 'ਤੇ ਪ੍ਰਭਾਵ।

6. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਅੱਗੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਜਨਮ ਦੁਆਰਾ ਪ੍ਰਾਪਤ ਰਿਸ਼ਤੇ ਦੀ ਵੰਨਗੀ ਦੇ ਅੰਤਰਗਤ ਮਾਂ-ਪੁੱਤ, ਮਾਂ-ਧੀ, ਪਿਉ-ਪੁੱਤ, ਪਿਉ-ਧੀ ਦੇ ਰਿਸ਼ਤਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਜਨਮ ਦੁਆਰਾ ਸੰਬੰਧਤ ਰਿਸ਼ਤਿਆਂ ਵਿੱਚ ਵੀ ਤਬਦੀਲੀ ਵਾਪਰ ਰਹੀ ਹੈ। ਪੈਦਾਇਸ਼ ਤੋਂ ਲੈ ਕੇ ਵੱਡੇ ਮੁਕਾਮ ਤੱਕ ਪੁੱਜ ਜਾਣ ਦੇ ਸਫ਼ਰ ਵਿੱਚ ਕੁਝ ਸ਼ਖਸੀਅਤਾਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਨੂੰ ਭੁੱਲ ਜਾਣਾ, ਅੱਖੋਂ ਉਹਲੇ ਕਰਨਾ ਜਾਂ ਅਣਗੌਲਿਆ ਕਰਨਾ ਅਣਮਨੁੱਖੀ ਵਿਹਾਰ ਦਾ ਰੂਪ ਅਖਤਿਆਰ ਕਰ ਲੈਂਦਾ ਹੈ। ਇਸ਼ਾਰਾ ਜਨਮ ਦੇਣ ਵਾਲੇ ਉਹਨਾਂ ਮਾਤਾ-ਪਿਤਾ ਵੱਲ ਹੈ, ਜਿਹਨਾਂ ਆਪਣੀ ਔਲਾਦ ਲਈ ਕਈ ਤਰ੍ਹਾਂ ਦੇ ਸੁਪਨੇ ਸੰਜੋਏ ਹੁੰਦੇ ਹਨ। ਸੁਵਾਰਥੀ ਔਲਾਦ ਆਪਣੀਆਂ ਮੰਜਿਲਾਂ 'ਤੇ ਪਹੁੰਚ ਕੇ ਉੱਚ ਅਹੁਦਿਆਂ ਦੀ ਚਕਾਚੌਂਧ ਵਿੱਚ ਆਪਣੇ ਪਿਤਰੀ, ਅਭੁੱਲ ਰਿਸ਼ਤਿਆਂ ਨੂੰ ਅਣਗੌਲਿਆ ਕਰ ਦਿੰਦੀ ਹੈ। ਅਣਗੌਲਿਆ ਦੇ ਸੰਤਾਪ ਵਿੱਚ ਸਭ ਤੋਂ ਪਹਿਲਾਂ ਜ਼ਿਕਰ ਆਉਂਦਾ ਹੈ, ਬੋਹੜ



Scanned with CamScanner

ਦੀ ਛਾਂ ਵਰਗੀ "ਮਾਂ" ਦਾ ਜੋ ਤਿਆਗ ਅਤੇ ਕੁਰਬਾਨੀਆਂ ਕਰਦਿਆਂ ਆਪਣੀ ਔਲਾਦ ਨੂੰ ਆਪ ਦੁੱਖ ਸਹਿ ਕੇ ਪਾਲਦੀ ਹੈ। ਤਿਆਗ ਅਤੇ ਕੁਰਬਾਨੀ ਉਸ ਸਮੇਂ ਖ਼ਤਮ ਹੋ ਜਾਂਦੀ ਹੈ, ਜਦ ਆਮ ਪੜ੍ਹਨ ਵਿੱਚ ਆਉਂਦਾ ਹੈ ਕਿ ਕਿਸੇ ਕਲਯੁੱਗੀ ਪੁੱਤਰ ਨੇ ਆਪਣੀ ਮਾਂ ਨੂੰ ਬੋਝ ਸਮਝ ਕੇ ਘਰੋਂ ਕੱਢ ਦਿੱਤਾ।

**ਪ੍ਰਸ਼ਨ :**

(1) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਕੀ ਹੋ ਸਕਦਾ ਹੈ ?

(2) ਮਾਂ ਬੋਹੜ ਦੀ ਛਾਂ ਵਰਗੀ ਕਿਵੇਂ ਬਣਦੀ ਹੈ ?

(3) ਕਲਯੁੱਗੀ ਪੁੱਤ ਤੋਂ ਕੀ ਭਾਵ ਹੈ ?

(4) ਕਿਨ੍ਹਾਂ ਰਿਸ਼ਤਿਆਂ ਨੂੰ ਭੁੱਲਣਾ ਅਣ-ਮਨੁੱਖੀ ਵਿਵਹਾਰ ਹੈ ?

(5) ਔਲਾਦ ਪਿਤਰੀ ਰਿਸ਼ਤਿਆਂ ਨੂੰ ਅਣਗੌਲੇ ਕਿਵੇਂ ਕਰਦੀ ਹੈ ?

## ਭਾਗ—ਚੌਥਾ

7. ਭਾਸ਼ਾ ਤੇ ਉਪਭਾਸ਼ਾ ਦਾ ਅੰਤਰ ਸਪੱਸ਼ਟ ਕਰਦੇ ਹੋਏ ਪੰਜਾਬੀ ਦੀਆਂ ਉਪ-ਭਾਸ਼ਾਵਾਂ ਬਾਰੇ ਚਰਚਾ ਕਰੋ।

8. ਪੰਜਾਬੀ ਭਾਸ਼ਾ ਦੇ ਵਿਕਾਸ ਪੜਾਵਾਂ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।



Scanned with CamScanner